X-2|2111 ਸਮੈਸਟਰ-3 |0016|NLL

ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) - BBA 307

ਸਮਾਂ : 3 ਘੰਟੇ

ਕੁੱਲ ਅੰਕ: 75

1. ਹੇਠ ਲਿਖੀਆਂ ਵਿਚੋਂ ਕਿਸੇ ਦੋ ਕਵਿਤਾਵਾਂ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
   (ੳ) ਹੀਰ : ਵਾਰਿਸ ਸ਼ਾਹ
   (ਅ) ਮੇਲੇ ਵਿਚ ਜੱਟ : ਧਨੀ ਰਾਮ ਚਾਤ੍ਰਿਕ
   (ੲ) ਕਚ-ਸੂਤਕ : ਹਰਿਭਜਨ ਸਿੰਘ
   (ਸ) ਗੀਤ : ਸ਼ਿਵ ਕੁਮਾਰ ਬਟਾਲਵੀ
   (ਹ) ਅਸੀਂ ਲੜਾਂਗੇ ਸਾਥੀ : ਅਵਤਾਰ ਸਿੰਘ ਪਾਸ਼ (2X5=10)

2. ਹੇਠ ਲਿਖਿਆਂ ਵਿਚੋਂ ਕਿਸੇ ਇਕ ਕਾਵਿ ਟੁਕੜੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:
   (ੳ) ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥
   ਜਾਂ ਪੰਚ ਰਾਸੀ ਤਾਂ ਤੀਰਥ ਵਾਸੀ।੧।
   ਘੁੰਘਰੂ ਵਾਜੈ ਜੇ ਮਨੁ ਲਾਗੈ॥
   ਤਉ ਜਮੁ ਕਹਾ ਕਰੇ ਮੋ ਸਿਉ ਆਗੈ।੧। ਰਹਾਉ।
   (ਅ) ਬੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ, ਸਜਦੇ ਕਰਦਿਆਂ ਘਸ ਗਏ ਮੱਥੇ
   ਨਾ ਰਬ ਤੀਰਥ ਨਾ ਰਬ ਮੱਕੇ, ਜਿਸ ਪਾਯਾ ਤਿਸ ਨੂਰ ਅਨਵਾਰ
   ਇਸ਼ਕ ਦੀ ਨਵੀਉਂ ਨਵੀਂ ਬਹਾਰ
   (ੲ) ਰੂਪ ਜੱਟ ਦਾ ਵੇਖਕੇ ਚਾਟ ਲੱਗੀ, ਹੀਰ ਘੋਲ ਘੱਤੀ ਤੇ ਕੁਰਬਾਨ ਹੋਈ
   ਜਿਹੜਾ ਜ਼ੋਰ ਸੀ ਆਪਣੇ ਹੁਸਨ ਵਾਲਾ, ਸਭ ਛੱਡ ਕੇ ਵਿਚ ਫੁਰਮਾਨ ਹੋਈ
   ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਸੀ ਗੱਲ ਬੇਸ਼ਾਨ ਹੋਈ (5)

3. ਹੇਠ ਲਿਖਿਆਂ ਵਿਚੋਂ ਕਿਸੇ 10 ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
   ਸ਼ੈਹਰ, ਦੇਵੀ, ਹਾਸਪਿਟਲ, ਝੁੰਢ, ਦੁਪੈਹਰ, ਪੈਹਰ, ਰੈਂਹਦਾ, ਪ੍ਰਅਤੀ, ਜਾਤਰਾ, ਜੋਧਾ, ਅਧਿਆਪਕਣੀ, ਗਾਨਾ, ਸੋਡਾ, ਕਿਸਾਣ, ਸਵਾਦ, (10)

4. ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਸ਼ੁੱਧ ਕਰਕੇ ਲਿਖੋ:
   ਬਾਬੇ ਨੇ ਠੰਢਾ ਸਾਹ ਲੈ ਕੇ ਕਿਹਾ ਅੱਜ ਕੱਲ ਉਹ ਕਵੀਸ਼ਰ ਕਿੱਥੇ ਤੇ ਲੋਕਾਂ ਨੂੰ ਵੀ ਪਹਿਲਾਂ ਵਾਲਾ ਕਵੀਸ਼ਰ ਸੁਣਨ ਦਾ ਚਸਕਾ ਨਹੀਂ ਰਹਿ ਗਿਆ ਬਾਬਾ ਸੁਆਦ ਲਿਆ ਛੱਡਿਆ ਈ ਇਕ ਵਾਰ ਤਾਂ ਤੇਰੀਆਂ ਗੱਲਾਂ ਸੁਣ ਕੇ ਕਵੀਸ਼ਰ ਦੇ ਅਖਾੜੇ ਬਿਨਾਂ ਆਂਨੰਦ ਆ ਗਿਆ ਮੁੱਛ ਫੁੱਟ ਗੱਭਰੂ ਨੇ ਬਾਬੇ ਦੀ ਗੱਲ ਦਾ ਜਵਾਬ ਦਿੱਤਾ। (10)

5. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ:
   (ੳ) ਆਨਲਾਈਨ ਸਿੱਖਿਆ
   (ਅ) ਕੰਪਿਊਟਰ ਰਾਹੀਂ ਸਿੱਖਿਆ : ਲਾਭ-ਹਾਨੀਆਂ
   (ੲ) ਅਧਿਆਪਕ (10)

Contd....2

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

i. ਸੂਫ਼ੀ ਕੌਣ ਹੁੰਦੇ ਹਨ?

ii. ਕਾਫੀ ਕਿਸ ਨੂੰ ਕਹਿੰਦੇ ਹਨ?

iii. ਵਾਰਿਸ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਲਿਖੀ ਹੋਈ ਹੈ?

iv. 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲਾ ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਅਪਣਾਇਆ ਹੈ?

v. ਵੰਝਲੀ ਕਿਸ ਨੂੰ ਕਹਿੰਦੇ ਹਨ?

vi. ਭਾਈ ਵੀਰ ਸਿੰਘ ਵੈਰੀ ਨਾਗ ਕਿਸ ਨੂੰ ਕਹਿੰਦਾ ਹੈ?

vii. ਕਾਦਰ ਤੋਂ ਕੀ ਭਾਵ ਹੈ?

viii. ਸ਼ਾਮ ਸਿੰਘ ਅਟਾਰੀ ਵਾਲਾ ਕੌਣ ਸੀ?

ix. ਲੁੱਡਣ ਮਲਾਹ ਕੌਣ ਸੀ?

x. ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਸਰਕਾਰ ਕਿਸ ਨੂੰ ਕਿਹਾ?

xi. ਅੰਮ੍ਰਿਤਾ ਪ੍ਰੀਤਮ ਵਾਰਿਸ ਸ਼ਾਹ ਨੂੰ ਕਿਉਂ ਪੁਕਾਰਦੀ ਹੈ?

xii. ਪੰਜਾਬੀ ਵਿਚ 'ਬਿਰਹੋਂ ਦਾ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

xiii. 'ਅਸੀਂ ਲੜਾਂਗੇ ਸਾਥੀ' ਕਿਸ ਕਵੀ ਦੀ ਰਚਨਾ ਹੈ?

xiv. ਸ਼ਿਵ ਕੁਮਾਰ ਬਟਾਲਵੀ ਦੀਆਂ ਕਿਸੇ ਦੋ ਪੁਸਤਕਾਂ ਦੇ ਨਾਮ ਲਿਖੋ।

xv. 'ਕਚ-ਸੂਤਕ' ਕਵਿਤਾ ਅਨੁਸਾਰ ਗੱਡੀ ਨੇ ਕਿਹੜੇ ਸ਼ਹਿਰ ਤੋਂ ਕਿਹੜੇ ਸ਼ਹਿਰ ਜਾਣਾ ਹੈ?

(15X2=30)

10016/NLL